**ਵਿਸ਼ਾ:** **ਕਾਰਵਾਈ ਮੀਟਿੰਗ ਮਿਤੀ 31.03.2015 ਨੂੰ ਸਮਾਂ 11:00 ਵਜੇ ਸਵੇਰੇ ਬਾਬਤ ਮੈਰਿਜ ਪੈਲਸਾਂ ਵਿੱਚ ਸ਼ੋਰ ਪ੍ਰਦੂਸ਼ਨ ਸਬੰਧੀ ਮਾਲਕ ਮੈਰਿਜ ਪੈਲਸਾਂ ਅਤੇ ਡੀ.ਜੇ. ਮਾਲਕਾ ਨਾਲ ਜ਼ੋ ਕਿ ਵਾਤਾਵਰਣ ਇੰਜੀਨੀਅਰ, ਪੰਜਾਬ ਪ੍ਰਦੂਸ਼ਨ ਰੋਕਥਾਮ ਬੋਰਡ, ਖੇਤਰੀ ਦਫਤਰ ਹੁਸ਼ਿਆਰਪੁਰ ਵਲੋ ਲਈ ਗਈ।**

ਮੀਟਿੰਗ ਵਿੱਚ ਹੇਠ ਅਨੁਸਾਰ ਅਧਿਕਾਰੀਆਂ/ਮੈਰਿਜ ਪੈਲਸਾ ਦੇ ਨੁਮਾਇੰਦਿਆਂ ਅਤੇ ਡੀ.ਜੇ ਸੈਟਾਂ ਦੇ ਮਾਲਕ ਹਾਜਰ ਸਨ:-

1) ਇੰਜੀਨੀਅਰ ਅਵਤਾਰ ਸਿੰਘ, ਵਾਤਾਵਰਣ ਇੰਜੀਨੀਅਰ, ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ, ਖੇਤਰੀ ਦਫਤਰ, ਹੁਸ਼ਿਆਰਪੁਰ।
2) ਇੰਜੀਨੀਅਰ ਸੰਦੀਪ ਕੁਮਾਰ, ਸਹਾਇਕ ਵਾਤਾਵਰਣ ਇੰਜੀਨੀਅਰ, ਪੰਜਾਬ ਪ੍ਰਦੂਸ਼ਨ ਰੋਕਥਾਮ ਬੋਰਡ, ਖੇਤਰੀ ਦਫਤਰ, ਹੁਸ਼ਿਆਰਪੁਰ।
3) ਸ੍ਰੀ ਬਲਵੰਤ ਸਿੰਘ ਪ੍ਰਧਾਨ, ਜ਼ਿਲ੍ਹਾ ਹੁਸ਼ਿਆਰਪੁਰ, ਮੈਰਿਜ ਪੈਲੇਸ ਐਸੋਸੀਏਸ਼ਨ, ਮੈਸ ਗ੍ਰੀਨ ਫੀਲਡ, ਹੁਸ਼ਿਆਰਪੁਰ।
4) ਸ੍ਰੀ ਸੁਰਿੰਦਰ ਸਿੰਘ, ਮੈਸ ਸੰਧੂ ਫਾਰਮ, ਚੱਬੇਵਾਲ, ਹੁਸ਼ਿਆਰਪੁਰ।
5) ਸ੍ਰੀ ਪਰਮਜੀਤ ਸਿੰਘ, ਮੈਸ ਐਮ ਐਡ ਪੀ ਰਿਸੋਰਟ, ਡਗਾਮ, ਹੁਸ਼ਿਆਰਪੁਰ।
6) ਸ੍ਰੀ ਮੋਹਿੰਦਰ ਸਿੰਘ, ਮੈਸ ਮਹਿੰਦਰਾ ਰਿਸੋਰਟ, ਹੁਸ਼ਿਆਰਪੁਰ।
7) ਸ੍ਰੀ ਸਰਬਜੀਤ ਸਿੰਘ, ਮੈਸ ਏ.ਕੇ. ਪੈਲਸ, ਹੁਸ਼ਿਆਰਪੁਰ।
8) ਸ੍ਰੀ ਅਮ੍ਰਿਤਪਾਲ ਸਿੰਘ, ਮੈਸ ਅਮ੍ਰਿਤ ਪੈਲਸ, ਹੁਸ਼ਿਆਰਪੁਰ।
9) ਸ੍ਰੀ ਅਮਿਤ ਗੁਪਤਾ, ਮੈਸ ਮਹਾਰਾਜਾ ਪੈਲਸ, ਸੈਲਾ, ਹੁਸ਼ਿਆਰਪੁਰ।
10) ਰਾਜਨ ਡੀ.ਜੇ., ਰੇਲਵੇ ਰੋਡ , ਹੁਸ਼ਿਆਰਪੁਰ।
11) ਰੋਸ਼ਨ ਡੀ.ਜੇ. ਕੱਚਾ ਟੋਬਾ, ਹੁਸ਼ਿਆਰਪੁਰ।
12) ਸ੍ਰੀ ਮਨਜੀਤ ਸਿੰਘ, ਮੈਸ ਜ਼ੋਤ ਰਿਸੋਰਟ, ਹੁਸ਼ਿਆਰਪੁਰ।
13) ਸ੍ਰੀ ਹਰਬੰਸ ਸਿੰਘ, ਮੈਸ ਹੈਰੀ ਗੈਰੀ ਪੈਲਸ, ਮਾਹਿਲਪੁਰ, ਹੁਸ਼ਿਆਰਪੁਰ।
14) ਸ੍ਰੀ ਅਮਨਜੋਤ ਸਿੰਘ, ਗੋਲਡਨ ਰਿਸੋਰਟ, ਹੁਸ਼ਿਆਰਪੁਰ।

ਮੀਟਿੰਗ ਦੇ ਸ਼ੁਰੂ ਵਿੱਚ ਮੈਰਿਜ ਪੈਲਸ ਐਸੋਸੀਏਸ਼ਨ ਦੇ ਪ੍ਰਧਾਨ ਵਲੋਂ ਵਾਤਾਵਰਣ ਇੰਜੀਨੀਅਰ ਅਤੇ ਨਾਲ ਗਏ ਸਟਾਫ ਨੂੰ ਅਤੇ ਮੀਟਿੰਗ ਵਿੱਚ ਹਾਜਰੀਨ ਮੈਬਰਾਂ ਨੂੰ ਜੀ ਆਇਆਂ ਆਖਦੇ ਹੋਏ, ਮੀਟਿੰਗ ਦੀ ਸੁਰੂਆਤ ਕੀਤੀ। ਉਹਨਾਂ ਨੇ ਮੀਟਿੰਗ ਵਿੱਚ ਹਾਜ਼ਰ ਮੈਰਿਜ ਪੈਲੇਸ ਐਸੋਸੀਏਸ਼ਨ ਦੇ ਮੈਂਬਰ ਅਤੇ ਡੀ.ਜੇ. ਸੈਟਾਂ ਦੇ ਮਾਲਕਾਂ ਨੂੰ ਮੀਟਿੰਗ ਦੀ ਜਾਣਕਾਰੀ ਦਿੱਤੀ ਅਤੇ ਦੱਸਿਆ ਇਹ ਮੀਟਿੰਗ ਮੈਰਿਜ ਪੈਲੇਸਾਂ ਦੇ ਵਿੱਚ ਫੰਕਸ਼ਨ ਦੌਰਾਨ ਚਾਲਏ ਡੀ.ਜੇ.ਸੈਟਾਂ ਤੋਂ ਪੈਦਾ ਹੋਣ ਵਾਲੀ ਨੋਆਇਸ ਪ੍ਰਦੂਸ਼ਣ ਬਾਰੇ ਹੈ, ਜਿਸ ਬਾਰੇ ਵਿਸਥਾਰਪੂਰਵਕ ਵਾਤਾਵਰਣ ਇੰਜੀਨੀਅਰ ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ, ਹੁਸ਼ਿਆਰਪੁਰ ਦੱਸਣਗੇ।

ਮੀਟਿੰਗ ਦੌਰਾਨ ਵਾਤਾਵਰਣ ਇੰਜੀਨੀਅਰ ਨੇ ਸਭ ਤੋਂ ਪਹਿਲਾਂ Noise Pollution (Regulation and Control ) Rules, 2000 ਅਤੇ ਪੰਜਾਬ ਸਰਕਾਰ ਵੱਲੋਂ ਇਸ ਸਬੰਧੀ ਵਿੱਚ ਜਾਰੀ ਨੋਟੀਫਿਕੇਸ਼ਨ ਨੰ: 145 ਮਿਤੀ

26.02.2014 ਦੀਆਂ ਧਰਾਵਾਂ ਬਾਰੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਇਸ ਨੋਟੀਫਿਕੇਸ਼ਨ ਅਤੇ ਰੂਲਾਂ ਦੀਆਂ ਪ੍ਰੋਵੀਜ਼ਨ ਨੂੰ ਲਾਗੂ ਕਰਨ ਲਈ ਹੇਠ ਲਿਖੇ ਅਧਿਕਾਰੀ ਸਮਰੱਥ ਹਨ:-

1) District Administration.
2) Police Commissionerate.
3) Punjab Pollution Control Board
4) Department of Local Govt.

ਮੀਟਿੰਗ ਦੌਰਾਨ ਵਾਤਾਵਰਣ ਇੰਜੀਨੀਅਰ ਵੱਲੋਂ ਉਪਰੋਕਤ ਨੋਟੀਫਿਕੇਸ਼ਨ ਅਨੁਸਾਰ ਦੱਸਿਆ ਗਿਆ ਕਿ ਜਿਲੇ ਵਿੱਚ ਰਾਤ 10.00 ਵਜੇ ਤੋਂ ਲੈ ਕੇ ਸਵੇਰੇ 6.00 ਵਜੇ ਤੱਕ ਕਿਸੇ ਵੀ ਤਰ੍ਹਾਂ ਦੇ ਲਾਊਡ ਸਿਸਟਮ ਦੇ ਚੱਲਣ ਤੇ ਪੂਰੀ ਤਰਾਂ ਮਨਾਹੀ ਹੈ। ਉਹਨਾਂ ਵੱਲੋਂ ਅੱਗੇ ਦੱਸਿਆ ਕਿ ਜੇਕਰ ਜਿਲ੍ਹੇ ਵਿੱਚ ਜਿਲ੍ਹਾ ਮੈਜਿਸਟਰੇਟ ਵੱਲੋਂ ਧਾਰਾ 144 ਲਾਗੂ ਕੀਤੀ ਹੋਵੇ ਤਾਂ ਇਸਦੀ ਉਲੰਘਣਾ ਕਰਨ ਤੇ ਆਈ.ਪੀ.ਸੀ. ਦੀ ਧਾਰਾ 188 ਦੇ ਤਹਿਤ ਕਾਰਵਾਈ ਕਰਨ ਲਈ ਪੰਜਾਬ ਪੁਲਿਸ ਦੀ ਜਿੰਮੇਵਾਰੀ ਬਣਦੀ ਹੈ। ਇਸ ਤੋਂ ਇਲਾਵਾ ਦੱਸਿਆ ਕਿ ਕੋਈ ਵੀ ਡੀ.ਜੇ. ਸਿਸਟਮ/ਸਾਊਡ ਸਿਸਟਮ ਰਾਤ 10.00 ਵਜੇ ਤੋਂ ਬਾਅਦ ਚੱਲਦਾ ਪਾਇਆ ਗਿਆ ਤਾਂ ਉਸ ਦੇ ਵਿਰੁੱਧ ਉਸ ਸਮੇਂ ਬਣਦੀ ਕਾਰਵਾਈ ਕੀਤੀ ਜਾਵੇਗੀ। ਰੂਲਾਂ ਮੁਤਾਬਕ ਵੱਖ-ਵੱਖ ਜ਼ੋਨਾ ਵਿੱਚ ਨਿਮਨਲਿਖਤ ਟੇਬਲ ਅਨੁਸਾਰ ਆਵਾਜ/ਧੁਨੀ ਨਿਰਧਾਰਿਤ ਕੀਤੀ ਗਈ ਹੈ :

| ਲੜੀ ਨੰ: | ਜ਼ੋਨ ਦਾ ਵੇਰਵਾ | Limits in db(A) Leq | |
|---|---|---|---|
| | | Day | Night |
| 1 | ਸਨਅਤੀ ਏਰੀਆ | 75 | 70 |
| 2 | ਵਪਾਰਕ ਏਰੀਆ | 65 | 55 |
| 3 | ਰਿਹਾਇਸ਼ੀ ਏਰੀਆ | 55 | 45 |
| 4 | ਸਾਇਲੈਸ ਜ਼ੋਨ | 50 | 40 |

ਦਿਨ ਦੇ ਸਮੇਂ ਦਾ ਮਤਲਬ ਹੈ ਕਿ ਸਵੇਰੇ 6.00 ਵਜੇ ਤੋਂ ਰਾਤ 10.00 ਵਜੇ ਤੱਕ ਅਤੇ ਰਾਤ ਦੇ ਸਮੇਂ ਦਾ ਮਤਲਬ ਹੈ ਕਿ ਰਾਤ 10.00 ਤੋਂ ਸਵੇਰੇ 6.00 ਵਜੇ ਤੱਕ। ਮੈਰਿਜ ਪੈਲੇਸ ਦੇ ਮਾਲਕਾਂ ਨੂੰ ਅਵਾਜ ਧੁਨੀ ਮਾਪਣ ਬਾਰੇ ਵਿਸਥਾਰਪੂਰਵਕ ਦੱਸਿਆ ਗਿਆ ਜੋ ਕਿ ਹੇਠ ਅਨੁਸਾਰ ਹੈ:-

*The noise level at the boundary of the public place, where loudspeaker or public address system or any other noise source is being used shall not exceed 10 dB (A) above the ambient noise standards for the area or 75 dB (A) whichever is lower.*

ਇਸ ਤੋਂ ਇਲਾਵਾ ਵਾਤਾਵਰਣ ਇੰਜੀਨੀਅਰ ਵਲੋਂ ਦੱਸਿਆ ਗਿਆ ਜਿਲੇ ਵਿੱਚ ਕਿਸੇ ਵੀ ਜਗ੍ਹਾ/ਧਾਰਮਿਕ ਸਥਾਨ ਉੱਤੇ ਦਿਨ ਵੇਲੇ ਨੋਆਇਸ ਪ੍ਰਦੂਸ਼ਨ, 2000 ਰੂਲਜ ਦੇ ਤਹਿਤ ਹੀ ਆਵਾਜ ਰੱਖੀ ਜਾ ਸਕਦੀ ਹੈ। ਵਾਤਾਵਰਣ

ਇੰਜੀਨੀਅਰ ਨੇ ਇਹ ਵੀ ਦੱਸਿਆ ਕਿ ਡੀ.ਜੇ ਸੈਟ ਦੇ ਮਾਲਕਾਂ ਨੂੰ ਜਿਲਾ ਐਡਮੀਨੀਸਟਰੇਸ਼ਨ ਪਾਸੋਂ ਡੀ.ਜੇ. ਸੈਟ ਆਪਰੇਟ ਕਰਨ ਸਬੰਧੀ ਲਾਈਸੈਸ ਲੈਣਾ ਬਣਦਾ ਹੈ। ਡੀ.ਜੇ ਸੈਟਾਂ ਦੇ ਮਾਲਕਾ ਵਲੋਂ ਕਿਹਾ ਗਿਆ ਕਿ ਡੀ.ਜੇ. ਸੈਟ ਨੂੰ ਆਪਰੇਟ ਕਰਨ ਸਬੰਧੀ ਜਿਲ੍ਹਾ ਮੈਜਿਸਟਰੇਟ ਦੇ ਨਾਲ ਨਾਲ ਉਪਰੋਕਤ ਲਾਈਸੰਸ ਪੁਲਿਸ ਥਾਣੇ ਦੇ ਐਸ.ਐਚ.ਓ ਵਲੋਂ ਵੀ ਗਰਾਂਟ ਕੀਤਾ ਜਾਣਾ ਚਾਹੀਦਾ ਹੈ, ਕਿਉਂਕਿ ਇਹ ਦਫਤਰ ਸ਼ਨਿਚਰਵਾਰ/ਐਤਵਾਰ ਅਤੇ ਛੁੱਟੀ ਵਾਲੇ ਦਿਨ ਵੀ ਖੁਲਾ ਰਹਿੰਦਾ ਹੈ । ਉਹਨਾਂ ਵੱਲੋਂ ਇਸ ਸੁਝਾਵ ਦਿੱਤਾ ਗਿਆ ਕਿ ਡੀ.ਜੇ. ਸੈਟ ਨੂੰ ਓਪਰੇਟ ਕਰਨ ਲਈ ਲਾਇਸੰਸ ਮੈਰਿਜ ਪਾਰਟੀ ਵੱਲੋਂ ਲੈਣਾ ਬਣਦਾ ਹੈ। ਅਗਰ ਇਹ ਲਾਇਸੰਸ ਡੀ.ਜੇ. ਸੈਟ ਦੇ ਮਾਲਕਾਂ ਵੱਲੋਂ ਹੀ ਲੈਣਾ ਹੈ ਤਾਂ ਇਹ ਇੱਕ ਮਹੀਨੇ ਲਈ ਜਾਂ ਫਿਰ ਇੱਕ ਸਾਲ ਲਈ ਹੋਣਾ ਚਾਹੀਦਾ ਹੈ, ਕਿਉਂਕਿ ਹਰ ਰੋਜ਼ ਲਾਇਸੰਸ ਲੈਣਾ ਮੁਸ਼ਕਲ ਜਾਪਦਾ ਹੈ। ਇਸ ਬਾਰੇ ਸਪੱਸ਼ਟ ਕਰ ਦਿੱਤਾ ਗਿਆ ਕਿ ਲਾਇਸੰਸ ਪ੍ਰੋਗਰਾਮਾਂ ਅਨੁਸਾਰ ਅਤੇ ਉਸਦੀ ਜਗ੍ਹਾ ਭਾਵ ਜਿੱਥੇ ਡੀ.ਜੇ. ਸੈਟ ਓਪਰੇਟ ਕਰਨਾ ਹੈ, ਅਨੁਸਾਰ ਹੀ ਦਿੱਤਾ ਜਾਵੇਗਾ। ਸ੍ਰੀ ਬਲਵੰਤ ਸਿੰਘ, ਪ੍ਰਧਾਨ ਮੈਰਿਜ ਪੈਲੇਸ ਵੈਲੇਫੇਅਰ ਐਸੋਸੀਏਸ਼ਨ ਵੱਲੋਂ ਦੱਸਿਆ ਗਿਆ ਕਿ ਕਈ ਵਾਰ ਮੈਰਿਜ ਦਾ ਸਮਾਂ ਲੇਟ ਹੁੰਦਾ ਹੈ ਅਤੇ 10:00 ਵਜੇ ਡੀ.ਜੇ. ਸੈਟ ਦੀ ਲੋੜ ਅਨੁਸਾਰ ਇਸ ਨੂੰ ਬੰਦ ਕਰਨਾ ਮੁਸ਼ਕਲ ਹੁੰਦਾ ਹੈ। ਇਸ ਬਾਰੇ ਪਹਿਲਾਂ ਹੀ ਰੂਲਾਂ ਅਨੁਸਾਰ ਚਾਨਣਾ ਪਾ ਦਿੱਤਾ ਗਿਆ ਸੀ। ਇਹ ਵੀ ਦੱਸਿਆ ਗਿਆ ਕਿ ਜੇਕਰ ਸਵੇਰੇ 6.00 ਵਜੇ ਤੋਂ ਰਾਤ 10.00 ਵਜੇ ਤੱਕ ਉੱਕਤ ਨਿਰਧਾਰਿਤ ਧੁਨੀ ਤੋਂ ਵੱਧ ਆਵਾਜ ਕਿਸੇ ਵੀ ਥਾਂ ਤੇ ਹੋ ਰਹੀ ਹੋਵੇ ਤਾਂ ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ ਵਲੋਂ Environment (Protection) Act, 1986 ਅਤੇ ਉਸ ਅਧੀਨ ਬਣਾਏ ਗਏ ਸ਼ੋਰ ਪ੍ਰਦੂਸ਼ਨ ਰੂਲ ਅਤੇ ਰੈਗੂਲੇਸ਼ਨ 2000 ਅਧੀਨ ਸਖਤ ਕਾਰਵਾਈ ਕੀਤੀ ਜਾਵੇਗੀ।

ਵਾਤਾਵਰਣ ਇੰਜੀਨੀਅਰ ਨੇ ਮੀਟਿੰਗ ਵਿੱਚ ਹਾਜਰ ਸਮੂਹ ਅਧਿਕਾਰੀਆਂ/ਮੈਰਿਜ ਪੈਲਸਾ ਅਤੇ ਡੀ.ਜੇ. ਸੈਟ ਦੇ ਮਾਲਕਾਂ ਨੂੰ ਜਿਲੇ ਵਿੱਚ ਸ਼ੋਰ ਪ੍ਰਦੂਸ਼ਣ ਰੋਕਣ ਲਈ ਉਹਨਾਂ ਦੇ ਹੱਥ ਖੜੇ ਕਰਵਾਕੇ ਪੂਰਣ ਸਹਿਯੋਗ ਦੇਣ ਲਈ ਵਾਇਦਾ ਕਰਵਾਇਆ ਗਿਆ।

ਮੀਟਿੰਗ ਦੇ ਅੰਤ ਵਿੱਚ ਵਾਤਾਵਰਣ ਇੰਜੀਨੀਅਰ ਜੀ ਵਲੋਂ ਹਾਜਰੀਨ ਦਾ ਧੰਨਵਾਦ ਕੀਤਾ ਗਿਆ।